## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ,

ਸੇਵਾ ਵਿਖੇ

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਅਤੇ
ਸਮੂਹ ਸਰਕਾਰੀ ਸਕੂਲਾਂ ਦੇ ਮੁੱਖੀ।

ਮੀਮੋ ਨੰ: 15/36-2016ਕੋ.ਸੈਲ(1)/14007
ਮਿਤੀ: 11-05-2018

**ਵਿਸ਼ਾ:-** **ਪੰਜਾਬ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਟੀਚਿੰਗ ਅਤੇ ਨਾਨ-ਟੀਚਿੰਗ ਅਮਲੇ ਨੂੰ ਚਾਈਲਡ ਕੇਅਰ ਲੀਵ ਮੰਨਜੂਰ ਕਰਨ ਸਬੰਧੀ।**

ਪੰਜਾਬ ਸਿੱਖਿਆ ਵਿਭਾਗ ਵਿੱਚ ਇਸਤਰੀ ਕਰਮਚਾਰਨਾਂ ਨੂੰ ਚਾਈਲਡ ਕੇਅਰ ਲੀਵ ਮੰਨਜੂਰ ਕਰਨ ਸਬੰਧੀ ਪੱਤਰ ਨੰ: 15/51-2012ਸੇ2ਕੋ.ਸੈਲ(1)/68 ਮਿਤੀ 07.02.2013 ਰਾਹੀਂ ਸਮਰੱਥ ਅਧਿਕਾਰੀ ਬਾਰੇ ਸਥਿਤੀ ਦੱਸਦੇ ਹੋਏ ਇਹ ਛੁੱਟੀ ਮੰਨਜ਼ੂਰ ਕਰਨ ਲਈ ਨਿਮਨ ਲਿਖਤ ਅਨੁਸਾਰ ਉਪਬੰਧ ਕੀਤਾ ਗਿਆ ਸੀ:-

| | | | |
|---|---|---|---|
| 1. | ਮਾਨਯੋਗ ਮੁੱਖ ਮੰਤਰੀ ਜੀ | : | ਤਿੰਨ ਮਹੀਨੇ ਤੋਂ ਉੱਪਰ |
| 2. | ਮਾਨਯੋਗ ਸਿੱਖਿਆ ਮੰਤਰੀ ਜੀ | : | ਤਿੰਨ ਮਹੀਨੇ |
| 3. | ਸਕੱਤਰ ਸਕੂਲ ਸਿੱਖਿਆ | : | ਇੱਕ ਮਹੀਨਾ |
| 4. | ਡੀ.ਪੀ.ਆਈ. (ਸੈ.ਸਿ./ਐ.ਸਿ.) | : | 15 ਦਿਨ |

ਹੁਣ ਇਹ ਛੁੱਟੀ ਪੱਤਰ ਨੰ: 15/36-2016ਕੋ.ਸੈਲ(1)/172 ਮਿਤੀ 11.04.2018 ਵਿੱਚ ਦਿੱਤੇ ਗਏ ਅਧਿਕਾਰਾਂ ਅਨੁਸਾਰ ਹੇਠ ਲਿਖੇ ਅਨੁਸਾਰ ਮੰਨਜ਼ੂਰ ਕੀਤੀ ਜਾਂਦੀ ਹੈ:-

| | | | |
|---|---|---|---|
| 1. | ਡੀ.ਡੀ.ਓ. | : | 15 ਦਿਨ ਤੱਕ |
| 2. | ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ | : | 30 ਦਿਨ ਤੱਕ |
| 3. | ਡੀ.ਪੀ.ਆਈ. | : | 45 ਦਿਨ ਤੱਕ |
| 4. | ਸਕੱਤਰ ਸਕੂਲ ਸਿੱਖਿਆ | : | 60 ਦਿਨ ਤੱਕ |
| 5. | ਮਾਨਯੋਗ ਸਿੱਖਿਆ ਮੰਤਰੀ | : | 90 ਦਿਨ ਤੱਕ |
| 6. | ਮਾਨਯੋਗ ਮੁੱਖ ਮੰਤਰੀ | : | 3 ਮਹੀਨੇ ਤੋਂ ਵੱਧ |

ਇਹ ਛੁੱਟੀ ਮੰਨਜ਼ੂਰ ਕਰਦੇ ਸਮੇਂ ਬਾਕੀ ਹਦਾਇਤਾਂ ਤੋਂ ਇਲਾਵਾ ਨਿਮਨ ਲਿਖਤ ਹਦਾਇਤਾਂ ਦੀ ਪਾਲਣਾ ਵੀ ਯਕੀਨੀ ਬਣਾਈ ਜਾਵੇ:-

1. ਇਹ ਚਾਈਲਡ ਕੇਅਰ ਲੀਵ ਮਹੀਨਾ ਜਨਵਰੀ, ਫਰਵਰੀ ਅਤੇ ਮਾਰਚ ਦੌਰਾਨ ਪ੍ਰਵਾਨ ਨਾ ਕੀਤੀ ਜਾਵੇ ਅਤੇ ਨਾ ਹੀ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਜਾਵੇ, ਪਰ ਜੇਕਰ ਕਿਸੇ ਅਧਿਕਾਰੀ / ਕਰਮਚਾਰੀ ਦਾ ਬੱਚਾ ਤਿੰਨ ਸਾਲ ਤੋਂ ਛੋਟਾ ਹੈ ਜਾਂ ਕਿਸੇ ਗੰਭੀਰ ਬਿਮਾਰੀ ਤੋਂ ਪੀੜਿਤ ਹੈ ਤਾਂ ਅਜਿਹੇ ਹਾਲਾਤ ਵਿੱਚ ਸਬੰਧਤ ਸਿਵਲ ਸਰਜਨ ਦੇ ਸਰਟੀਫਿਕੇਟ / ਸਿਫਾਰਿਸ਼ ਦੇ ਆਧਾਰ ਤੇ ਫੈਸਲਾ ਮੁੱਖ ਦਫ਼ਤਰ ਦੀ ਪੱਧਰ ਤੇ ਲਿਆ ਜਾਵੇਗਾ।
2. ਹਰ ਇੱਕ ਡੀ.ਡੀ.ਓ. / ਜਿਲ੍ਹਾ ਸਿੱਖਿਆ ਅਫ਼ਸਰ ਸਬੰਧਤ ਅਧਿਕਾਰੀ / ਕਰਮਚਾਰੀ ਦੀ ਸੇਵਾ ਪੱਤਰੀ ਵਿੱਚ ਇਸ ਛੁੱਟੀ ਦਾ ਇੰਦਰਾਜ ਕਰਨਗੇ ਅਤੇ ਜੇਕਰ ਕਿਸੇ ਪੱਧਰ ਤੇ ਅਣਗਹਿਲੀ ਵਰਤੀ ਗਈ ਤਾਂ ਉਸ ਲਈ ਉਹ ਖੁਦ ਜਿੰਮੇਵਾਰ ਹੋਣਗੇ।
3. ਛੁੱਟੀ ਮੰਨਜੂਰ ਕਰਦੇ ਸਮੇਂ ਸਬੰਧਤ ਸੰਸਥਾ / ਸਕੂਲ ਮੁੱਖੀ ਪੜ੍ਹਾਈ ਦਾ ਬਦਲਵਾਂ ਪ੍ਰਬੰਧ ਆਪਣੇ ਪੱਧਰ ਤੇ ਕਰਨਗੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

10/5/18

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ।

ਪਿੱਠ ਅੰਕਣ ਨੰ: ਉਕਤ /

ਮਿਤੀ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।

10/5/18

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.)
ਪੰਜਾਬ, ਐਸ.ਏ.ਐਸ. ਨਗਰ।